## ਭਾਗ–5

ਇਸ ਲੇਖ ਦੇ ਪਿਛਲੇ ਭਾਗਾਂ ਵਿਚ ਦਸਿਆ ਜਾ ਚੁਕਿਆ ਹੈ, ਕਿ ਸਾਡੇ ਅੰਦਰ—

ਈਰਖਾ

ਦਵੈਤ

ਗਿਣਤੀ

ਸ਼ਕ

ਸਾੜਾ

ਚਿੰਤਾ

ਤ੍ਰਿਸਨਾ

ਰੋਸੇ

ਗਿਲੇ

ਵੈਰ

ਵਿਰੋਧ

ਕਾਮ

ਕ੍ਰੋਧ

ਲੇਪ

ਮੋਹ

ਅਹੰਕਾਰ

ਮੈਂ–ਮੇਰੀ

ਨੇ 'ਮਾਨਸਿਕ ਅੱਗ' ਦੇ ਭਾਂਬੜ ਬਾਲ ਰੱਖੇ ਹਨ, ਅਤੇ —

ਗਰੀਬੀ
ਦਰਿਦ੍ਰਤਾ
ਭੁੱਖ
ਤ੍ਰੇਹ
ਰੋਗ
ਦੁਖ
ਕਲੇਸ਼
ਫ਼ਿਕਰ
ਬੇ-ਸਿਦਕੀ
ਮਨਮੁਖਤਾਈ
ਪਾਮਰਤਾ
ਢੀਠਤਾਈ

ਆਦਿ, ਦੀਆਂ ਮਾਰਾਂ ਨੇ ਲੋਕਾਂ ਤੋੜ ਛਡਿਆ ਹੈ।

ਇਸ ਤਰ੍ਹਾਂ ਸਾਡਾ—

ਜਿਸਮ ਤੱਤਾ
ਜੀਵਨ ਤੱਤਾ
ਜੀਵਨ-ਖੇਤਰ ਤੱਤਾ
ਬਿਰਤੀਆਂ ਤੱਤੀਆਂ
ਕਾਮ ਤੱਤਾ
ਕ੍ਰੋਧ ਤੱਤਾ
ਲੋਭ ਤੱਤਾ
ਮੋਹ ਤੱਤਾ
ਮੈਂ-ਮੇਰੀ ਤੱਤੀ
ਤ੍ਰਿਸ਼ਨਾ ਤੱਤੀ ਅੱਗ
ਗਰੀਬੀ ਤੱਤੀ ਅੱਗ

ਐਸ਼ ਨਿਰੀ ਭਾਂਬੜ

ਮਨ ਤੱਤਾ

ਚਿਤ ਤੱਤਾ

ਪਿਆਰ ਤੱਤਾ

ਬਾਹਰ ਮੁਖੀ ਬਿਰਤੀਆਂ ਤੱਤੀਆਂ

ਬਾਹਰ ਭੀ ਅੱਗ ਅੰਦਰ ਭੀ ਅੱਗ

ਦੀਨ ਭੀ ਅੱਗ

ਦੁਨੀਆ ਭੀ ਅੱਗ

ਚਾਰ–ਚੁਫੇਰੇ ਅੱਗ ਹੀ ਅੱਗ ਦੇ ਭਾਂਬੜ ਮੱਚ ਰਹੇ ਹਨ।

ਇਥੇ ਇਕ ਹੋਰ ਜ਼ਰੂਰੀ ਨੁਕਤਾ ਸਮਝਣ ਦੀ ਲੋੜ ਹੈ।

ਪਿਛਲਿਆਂ ਭਾਗਾਂ ਵਿਚ ਦੱਸਿਆ ਜਾ ਚੁਕੀਆ ਹੈ, ਕਿ ਜਦ ਬਿਰਤੀਆਂ ਬਾਹਰ–ਮੁਖੀ ਹੋ ਕੇ, ਮਾਇਕੀ ਤ੍ਰਿਸ਼ਨਾ ਦੀ ਪੂਰਤੀ ਲਈ ਦੌੜਦੀਆਂ ਹਨ, ਤਾਂ—

ਦੌੜ ਦੀ ਹਰਕਤ ਨਾਲ ਬਿਰਤੀਆਂ ਵਿਚ ਗਰਮੀ ਪੈਦਾ ਹੁੰਦੀ ਹੈ।

ਤ੍ਰਿਸ਼ਨਾ ਦੇ ਖਿਆਲਾਂ ਯਾ ਰੁਚੀਆਂ ਨਾਲ 'ਅੱਗ' ਮਘਦੀ ਹੈ।

ਤ੍ਰਿਸ਼ਨਾ ਦੀ ਪੂਰਤੀ ਵਿਚ ਇਸ ਅੱਗ ਦੇ ਭਾਂਬੜ ਮੱਚ ਪੈਂਦੇ ਹਨ।

ਇਸ ਦਾ ਮਤਲਬ ਇਹ ਹੋਇਆ ਕਿ ਸਾਡੀਆਂ ਬਿਰਤੀਆਂ ਦਾ ਮਾਇਕੀ ਮੰਡਲ ਵਿਚ

ਬਾਹਰ–ਮੁਖੀ ਹੋ ਕੇ ਵਿਚਰਨਾ ਅਥਵਾ ਦੌੜਨਾ

ਹੀ 'ਅਗਨ–ਸੋਕ–ਸਾਗਰ' ਦਾ ਮੁੱਢਲਾ ਕਾਰਣ ਹੈ।

ਦੂਜੇ ਪਾਸੇ ਬਿਰਤੀਆਂ ਨੂੰ—

ਅੰਤਰ–ਮੁਖੀ ਕਰਕੇ ਅਥਵਾ ਇਕੱਠਾ ਕਰਕੇ

ਨਾਮ ਸਿਮਰਨ ਕਰਨਾ ਹੀ—

'ਠਾਂਢਾ ਹਰਿ ਨਾਉ'

ਦਾ 'ਉੱਦਮ' ਅਤੇ ਪ੍ਰਾਪਤੀ ਹੈ।

ਪਰ, ਇਹ ਅਤਰ-ਮੁਖੀ ਖੇਲ, ਅਥਵਾ—

ਬਿਰਤੀਆਂ ਨੂੰ ਬਾਹਰੋਂ ਮੋੜ ਕੇ ਅੰਦਰ ਵਲ ਕਰਨਾ,

ਬਿਰਤੀਆਂ ਨੂੰ ਇਕਾਗਰ ਕਰਕੇ ਸੁਰਤੀ ਨਾਲ ਸਿਮਰਨ ਕਰਨਾ,

ਬੜੀ ਸੂਖਮ ਅਤੇ ਕਠਿਨ ਖੇਲ ਹੈ।

ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮਖਿ ਜਾਨਾ ॥

(ਪੰਨਾ-219)

ਜੇਕਰ ਗਹੁ ਕਰਕੇ ਘੋਖਿਆ ਜਾਵੇ ਤਾਂ ਪਤਾ ਲਗੇਗਾ, ਕਿ ਇਸ 'ਮਾਨਸਿਕ ਅੱਗ' ਦਾ ਸੇਕ—ਪਹਿਲਾਂ ਸਾਡੀਆਂ ਮਨ ਦੀਆਂ ਬਿਰਤੀਆਂ ਨੂੰ ਲਗਦਾ ਹੈ, ਫੇਰ ਮਨ, ਬੁੱਧੀ ਅਤੇ ਜਿਸਮ ਤੇ ਅਸਰ ਹੁੰਦਾ ਹੈ।

ਤ੍ਰੈ-ਗੁਣੀ ਮਾਇਕੀ-ਮੰਡਲ ਵਿਚ ਹਉਮੈ ਦਾ ਭਰਮ-ਭੁਲਾਵਾ ਹੈ।

ਇਸ ਪਰਮ-ਭੁਲਾਵਾ ਵਿਚੋਂ 'ਹਉਮੈ' ਉਪਜਦੀ ਹੈ।

ਹਉਮੈ ਵਿਚੋਂ 'ਪੰਜ ਦੋਖ' ਉਪਜਦੇ ਹਨ।

ਇਹਨਾਂ ਪੰਜ ਦੋਖਾਂ—ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੇ ਸੰਸਾਰ ਵਿਚ ਮਾਨਸਿਕ ਅੱਗ ਦੇ ਭਾਂਬੜ ਮਚਾਏ ਹੋਏ ਹਨ।

ਇਸ ਭਾਂਬੜ ਨੂੰ ਗੁਰਬਾਣੀ ਵਿਚ—

'ਆਤਸ ਦੁਨੀਆ'
'ਕਲਿ ਤਾਤੀ'
'ਅਗਨ-ਕੁੰਟ'
'ਅਗਨ-ਸੋਕ-ਸਾਗਰ'
'ਪਾਵਕ-ਸਾਗਰ'

ਦਸਿਆ ਗਿਆ ਹੈ।

ਜੀਵ ਦੇ ਅੰਤ੍-ਆਤਮਾ ਵਿਚ ਇਲਾਹੀ—

ਨਿਜ ਘਰ

ਸਚ ਘਰ

ਹਰਿ ਕਾ ਧਾਮ
ਥਿਰ ਘਰ
ਅਟਲ ਥਾਨ
ਬੇਗਮ ਪੁਰਾ
ਬੈਕੁੰਠ ਨਗਰ
ਅਬਿਚਲ ਨਗਰ
ਆਪਨੜਾ ਘਰ
ਸੂਖ ਮਹਿਲ
ਅਨਭਉ ਨਗਰ
ਸਹਜ ਘਰ
ਅਬਿਨਾਸੀ ਮਹਲ
ਸਚਖੰਡ

ਵਸਦਾ ਹੈ, ਜਿਸ ਵਿਚ—

ਸੁਖ ਹੈ
ਸ਼ਾਂਤੀ ਹੈ
ਠੰਡ ਹੈ
ਪ੍ਰੀਤ ਹੈ
ਪਿਆਰ ਹੈ
ਚਾਉ ਹੈ
ਆਤਮ-ਰਸ ਹੈ
ਪ੍ਰੇਮ-ਸਵੈਪਨਾ ਹੈ
ਕੁਸਲ ਹੈ
ਖੇਮ ਹੈ
ਸਦਾ ਖੈਰ ਹੈ
ਸਦਾ ਖੁਸ਼ੀ ਹੈ
ਸਦਾ ਬਖਸ਼ਿਸ਼ ਹੈ

ਪ੍ਰਿਮ ਪਿਆਲਾ ਹੈ

ਰੁਣ ਝੁਣ ਹੈ

ਅਨਹਦ ਧੁਨੀ ਹੈ

ਸ਼ਬਦ ਹੈ

ਨਾਮ ਹੈ

ਇਹਨਾਂ ਦੋਹਾਂ ਮੰਡਲਾਂ ਦੇ ਗੁਣ-ਅਵਗੁਣ, ਇਕ ਦੂਜੇ ਦੇ ਬਿਲਕੁਲ ਮੁਤਜਾਦ ਅਥਵਾ ਉਲਟ ਹਨ।

ਜੀਵ ਲਈ ਇਹਨਾਂ ਦੋਹਾਂ ਮੰਡਲਾਂ—

ਆਤਸ ਦੁਨੀਆ

ਅਤੇ

ਖੁਨਕ ਨਾਮੁ ਖੁਦਾਇਆ

ਵਿਚੋਂ 'ਚਣੌਤੀ' ਕਰਨੀ ਲਾਜ਼ਮੀ ਹੈ।

ਇਹ ਚਣੌਤੀ ਬੜੀ ਦੀਰਘ, ਜਰੂਰੀ ਅਤੇ ਅਹਿਮ ਹੈ।

ਇਸ ਚਣੌਤੀ ਯਾ ਫੈਸਲੇ ਬਗੈਰ, ਸਾਨੂੰ 'ਜੀਵਨ-ਸੇਧ' ਨਹੀਂ ਮਿਲ ਸਕਦੀ।

ਸਹੀ 'ਜੀਵਨ-ਸੇਧ' ਬਗੈਰ ਅਸੀਂ ਪੁਰਾਣੀ 'ਜੀਵਨ-ਰੋੜ੍ਹ' ਜਾਵਾਂਗੇ ਅਤੇ ਦੁਖ-ਕਲੇਸ਼ ਭੋਗੀ ਜਾਵਾਂਗੇ।

ਪਿਛਲੇ ਭਾਗ ਵਿਚ ਦਸਿਆ ਜਾ ਚੁਕਿਆ ਹੈ, ਕਿ 'ਜੀਵ' ਲਈ ਇਸ ਆਤਮਿਕ 'ਜੀਵਨ-ਸੇਧ' ਦਾ—

ਨਿਰਣਾ

ਚਣੌਤੀ

ਚਾਉ

ਉਦਮ

ਨਿਸਚਾ

ਸ਼ਰਧਾ

ਕਮਾਈ

ਕਰਨ ਵਿਚ 'ਸਾਧ–ਸੰਗਤ' ਦੀ ਅਗਵਾਈ ਅਤੇ ਸਹਾਇਤਾ ਦੀ ਅਤਿਅੰਤ ਲੋੜ ਹੈ।

ਇਹ ਸਾਰੀਆਂ ਨੀਵੀਆਂ ਭਾਵਨਾਵਾਂ ਭੀ, ਸਾਡੀ ਗੁੱਝੀ ਅੰਦਰਲੀ ਅਗਨੀ ਦਾ ਪ੍ਰਤੀਕ ਅਤੇ ਪ੍ਰਗਟਾਵਾ ਹਨ।

ਗੁਰਬਾਣੀ ਦੀ ਰੋਸ਼ਨੀ ਅਤੇ ਗੁਰਮੁਖ ਪਿਆਰਿਆਂ, ਮਹਾਂਪੁਰਖਾਂ ਦੀ ਸੰਗਤ ਦੁਆਰਾ ਹੀ, ਜੀਵ ਨੂੰ ਸੋਝੀ ਅਤੇ ਨਿਸਚਾ ਹੋ ਸਕਦਾ ਹੈ, ਕਿ ਉਸਦੇ ਅੰਦਰ ਵੀ ਇਹ ਗੁੱਝੀ ਮਾਨਸਿਕ ਅੱਗ ਮੌਜੂਦ ਹੈ।

ਇਸੇ ਲਈ ਗੁਰਬਾਣੀ ਵਿਚ ਇਸ ਗੁੱਝੀ ਅੱਗ ਤੋਂ ਬਚਣ ਦਾ ਸਭ ਤੋਂ ਸੌਖਾ ਅਤੇ ਅਸਰਦਾਇਕ ਸਾਧਨ 'ਸਾਧ ਸੰਗਤ' ਹੀ ਦਸਿਆ ਗਿਆ ਹੈ।

ਦੀਨ ਦੀਇਆਲ ਕ੍ਰਿਪਾਲ ਪ੍ਰਭ ਨਾਨਕ
ਸਾਧ ਸੰਗਿ ਮੇਰੀ ਜਲਨ ਬੁਝਾਈ ॥ (ਪੰਨਾ–204)

ਭਇਓ ਕ੍ਰਿਪਾਲ ਸਤਸੰਗਿ ਮਿਲਾਇਆ ॥
ਬੂਝੀ ਤਪਤ ਘਰਹਿ ਪਿਰੁ ਪਾਇਆ ॥ (ਪੰਨਾ–738)

ਸੱਚੀ–ਸੁੱਚੀ ਆਤਮਿਕ ਸਾਧ ਸੰਗਤ ਵਿਚ ਹੀ ਇਸ 'ਗੁੱਝੀ ਮਾਨਸਿਕ ਅੱਗ' ਦੀ ਬਾਬਤ—

ਸੋਝੀ ਆਵੇਗੀ
ਗਿਆਨ ਹੋਵੇਗਾ
ਮਨ ਇੱਕਠਾ ਹੋਵੇਗਾ
ਮਨ ਸ਼ਾਂਤ ਹੋਵੇਗਾਂ
ਮਨ ਠੰਢਾ ਹੋਵੇਗਾ
ਸੇਵਾ ਕਰਨ ਦੀ ਜਾਚ ਆਵੇਗੀ
ਦੈਵੀ ਭਾਵਨਾਵਾਂ ਉਤਪੰਨ ਹੋਣਗੀਆਂ
ਸਿਮਰਨ ਦਾ ਚਾਉ ਉਠੇਗਾ
ਮਨ ਰਹਸ ਵਿਚ ਆਵੇਗਾ
ਪ੍ਰੇਮ–ਸਵੈਪਨਾ ਦਾ ਰਸ ਮਾਣੇਗਾ

ਪ੍ਰੇਮ-ਰਸ ਵਿਚ ਮਸਤ ਹੋਵੇਗਾ
ਸ਼ਬਦ-ਸੁਰਤ ਦਾ ਮੇਲ ਹੋਵੇਗਾ
ਨਾਮ-ਰਸਾਇਣਾ ਦੀ ਬਖਸ਼ਿਸ਼ ਹੋਵੇਗੀ
ਚਰਣ-ਸਰਣ ਪ੍ਰਾਪਤ ਹੋਵੇਗੀ।

ਐਸੀਆਂ ਇਲਾਹੀ ਬਰਕਤਾਂ ਵਾਲੀ ਸਾਧ ਸੰਗਤ ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ—

ਸਤ ਸੰਕਤਿ ਕੈਸੀ ਜਾਣੀਐ ॥
ਜਿਥੈ ਹੇਕੋ ਨਾਮੁ ਵਖਾਣੀਐ ॥ (ਪੰਨਾ-72)

ਊਹਾ ਜਪੀਐ ਕੇਵਲ ਨਾਮ ॥
ਸਾਧੂ ਸੰਗਤਿ ਪਾਰਗਰਮ ॥ (ਪੰਨਾ-1182)

In others words-only the illuminated Souls can uplift the soul of the Aspirant from Wordly consciousness to Divine Consciousness, and thus save him from the burning hell of worldly quagmire.

ਸਾਧ ਸੰਗਤ ਤੋਂ ਬਗੈਰ ਸਾਡਾ ਮਨ ਇਸ ਗੁੱਝੀ ਮਾਨਸਿਕ ਅਗਨੀ ਤੋਂ ਬਚ ਨਹੀਂ ਸਕਦਾ ਅਤੇ ਨਾ ਹੀ ਇਸ 'ਅਗਨ ਸੋਕ ਸਾਗਰ' ਵਿਚੋਂ ਨਿਕਲ ਸਕਦਾ ਹੈ।

ਮਹਾ ਅਭਾਗ ਅਭਾਗ ਹੈ ਜਿਨ ਕੇ ਤਿਨ ਸਾਧੂ ਧੂਰਿ ਨ ਪੀਜੈ ॥
ਤਿਨਾ ਤਿਸਨਾ ਜਲਤ ਜਲਤ ਨਹੀ ਬੂਝਹਿ
ਡੰਡੁ ਧਰਮਰਾਇ ਕਾ ਦੀਜੈ ॥ (ਪੰਨਾ-1325)

ਇਸੇ ਕਰਕੇ ਗੁਰਬਾਣੀ ਵਿਚ, ਇਸ ਅੰਦਰਲੀ ਮਾਨਸਿਕ ਅਗਨੀ ਨੂੰ ਬੁਝਾਉਣ ਲਈ ਸਭ ਤੋਂ ਸੌਖਾ ਅਤੇ ਜਰੂਰੀ ਸਾਧਨ—'ਸਾਧ ਸੰਗਤ' ਹੀ ਦਸਿਆ ਗਿਆ ਹੈ—

ਆਪੁ ਛੋਡਿ ਬੇਨਤੀ ਕਰਹੁ ॥
ਸਾਧ ਸੰਗਿ ਅਗਨਿ ਸਾਗਰੁ ਤਰਹੁ ॥ (ਪੰਨਾ-295)

ਅਗਨਿ ਸਾਗਰ ਭਏ ਸੀਤਲ ਸਾਧ ਅੰਚਲ ਗਹਿ ਰਹੇ ॥ (ਪੰਨਾ-458)

ਠਾਂਢਿ ਪਰੀ ਸੰਤਹ ਸੰਗਿ ਬਸਿਆ ॥

ਅੰਮ੍ਰਿਤ ਨਾਮੁ ਤਹਾ ਜੀਅ ਰਸਿਆ ॥ (ਪੰਨਾ-256)

ਸੰਤ ਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਠਾਂਢੀ ॥ (ਪੰਨਾ-610)

ਪਰ 'ਸਤ ਸੰਗਤ' ਅਥਵਾ 'ਸਾਧ ਸੰਗਤ' ਦੀ ਬਾਬਤ ਭੀ ਭੁਲੇਖੇ ਪਏ ਹੋਏ ਹਨ। ਇਨ੍ਹਾਂ ਭੁਲੇਖਿਆਂ ਦਾ ਨਿਰਣਾ ਕਰਨ ਦੀ ਲੋੜ ਹੈ।

ਆਮ ਤੌਰ ਤੇ ਬੰਦਿਆਂ ਦੇ ਇਕੱਠੇ ਨੂੰ 'ਸਾਧ ਸੰਗਤ' ਯਾ 'ਸਤ ਸੰਗਤ' ਕਿਹਾ ਜਾਂਦਾ ਹੈ, ਪਰ ਗੁਰਬਾਣੀ ਦੇ ਆਸ਼ੇ ਅਨੁਸਾਰ—

ਬਖਸ਼ਿਆਂ ਹੋਇਆਂ
ਮਹਾਂ ਪੁਰਖਾਂ
ਸੰਤਾਂ
ਸਾਧ ਜਨਾਂ
ਭਗਤਾਂ
'ਸਿਮਰਨ' ਵਾਲਿਆਂ
'ਸ਼ਬਦ-ਸੁਰਤ' ਵਿਚ ਪ੍ਰੋਤੇ ਹੋਇਆਂ
ਅਨਹਦ-ਸ਼ਬਦ ਵਿਚ ਲੀਨ ਹੋਇਆਂ
ਗੁਰੂ ਪਿਆਰ ਵਿਚ ਰੰਗੇ ਹੋਇਆਂ
'ਬੈ-ਖਰੀਦ' ਹੋਏ ਸੇਵਕਾਂ
'ਨਾਨਕ-ਘਰ ਕੇ ਗੋਲੇ' ਹੋਇਆਂ
'ਪ੍ਰੇਮ-ਸਵੈਪਨਾ' ਦੀ ਮਸਤੀ ਵਾਲੇ
'ਪ੍ਰੇਮ-ਰਸ' ਵਿਚ ਖੀਵੇ ਹੋਏ
'ਪ੍ਰਿਮ-ਪਿਆਲੇ' ਨਾਲ ਨਸ਼ਈ ਹੋਏ
'ਚੁਪ-ਪ੍ਰੀਤ' ਵਿਚ ਮਤਵਹਰੇ ਹੋਏ

ਗੁਰਮੁਖ ਪਿਆਰਿਆਂ ਦੀ ਸੰਗਤ ਨੂੰ ਹੀ—

ਸਤ–ਸੰਗਤ

ਸਾਧ–ਸੰਗਤ

ਸੰਤ–ਮੰਡਲੀ

ਦੈਵੀ–ਸੰਗਤ

ਉਚੀ–ਸੰਗਤ

ਸੁੱਚੀ–ਸੰਗਤ

ਆਤਮ–ਸੰਗਤ

'ਸੰਤ ਸਜਨ ਪ੍ਵਾਰ'

ਕਿਹਾ ਜਾ ਸਕਦਾ ਹੈ।

ਗੁਰਬਾਣੀ ਵਿਚ ਐਸੀ ਆਤਮਿਕ ਸਾਧ ਸੰਗਤ ਦੀ ਇਸ ਤਰ੍ਹਾਂ ਵਡਿਆਈ ਕੀਤੀ ਗਈ ਹੈ—

ਧਨੁ ਧੰਨੁ ਸਤ ਸੰਗਤਿ ਜਿਤੁ ਹਰਿ ਰਸੁ ਪਾਇਆ<br>
ਮਿਲਿ ਜਨ ਨਾਨਕ ਨਾਮੁ ਪਰਗਾਸਿ ॥ (ਪੰਨਾ–10)

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥<br>
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ (ਪੰਨਾ–809)

ਭੇਟਤ ਸੰਗਿ ਪਾਰਬ੍ਰਹਮ ਚਿਤਿ ਆਇਆ ॥<br>
ਸੰਗਤਿ ਕਰਤ ਸੰਤੋਖੁ ਮਨਿ ਪਾਇਆ ॥ (ਪੰਨਾ–889)

ਸੰਤ ਮੰਡਲ ਮਹਿ ਹਰਿ ਮਨਿ ਵਸੈ ॥<br>
ਸੰਤ ਮੰਡਲ ਮਹਿ ਦੁਰਤੁ ਸਭੁ ਨਸੈ ॥<br>
ਸੰਤ ਮੰਡਲ ਮਹਿ ਨਿਰਮਲ ਰੀਤਿ ॥<br>
ਸੰਤ ਸੰਗਿ ਹੋਇ ਏਕ ਪਰੀਤਿ ॥<br>
ਸੰਤ ਮੰਡਲੁ ਤਹਾ ਕਾ ਨਾਉ ॥<br>
ਪਾਰਬ੍ਰਹਮ ਕੇਵਲ ਗੁਣ ਗਾਉ ॥ (ਪੰਨਾ–1146)

ਮੇਰਾ ਮਨੁ ਸਾਧ ਜਨਾਂ ਮਿਲਿ ਹਰਿਆ ॥

ਹਉ ਬਲਿ ਬਲਿ ਬਲਿ ਬਲਿ ਸਾਧ ਜਨਾਂ ਕਉ
ਮਿਲਿ ਸੰਗਤਿ ਪਾਰਿ ਉਤਰਿਆ ॥.......
ਹਰਿ ਕੇ ਸੰਤ ਸੰਤ ਭਲ ਨੀਕੇ ਮਿਲਿ ਸੰਤ ਜਨਾਂ ਮਲੁ ਲਹੀਆ ॥
ਹਉਮੈ ਦੁਰਤੁ ਗਇਆ ਸਭੁ ਨੀਕਰਿ ਜਿਉ ਸਾਬੁਨਿ ਕਾਪਰੁ ਕਰਿਆ ॥

(ਪੰਨਾ-1294)

ਪਰ, ਐਸੀ ਉੱਚੀ-ਸੁਚੀ ਆਤਮਿਕ ਸੰਗਤ ਗੁਰੂ ਦੀ ਕ੍ਰਿਪਾ ਨਾਲ ਹੀ ਮਿਲਦੀ ਹੈ—

ਕਿਰਪਾ ਕਰੇ ਜਿਸੁ ਪਾਰਬ੍ਰਹਮ ਹੋਵੈ ਸਾਧੂ ਸੰਗੁ ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥

(ਪੰਨਾ-71)

ਕਿਰਪਾ ਨਿਧਿ ਕਿਰਪਾਲ ਧਿਆਵਉ ॥
ਸਾਧ ਸੰਗਿ ਤਾ ਬੈਠਣੁ ਪਾਵਉ ॥ (ਪੰਨਾ-183)

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥

(ਪੰਨਾ-642)

ਪਰ ਦੁਨੀਆਂ ਵਿਚ ਐਸੇ ਗੁਰਮੁਖ ਜਨ ਵਿਰਲੇ ਹੀ ਹੁੰਦੇ ਹਨ—

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟ ਰਹਿਓ ਰੀ ॥

(ਪੰਨਾ-384)

ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥

(ਪੰਨਾ-520)

ਐਸੇ ਜਨ ਵਿਰਲੇ ਸੰਸਾਰੇ ॥
ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥ (ਪੰਨਾ-1039)

ਐਸੀ ਉੱਚੀ-ਸੁੱਚੀ—

ਨਾਮ-ਰਸ

ਆਤਮ-ਰੰਗ

ਜਿਉਂਦੀ-ਜਾਗਦੀ

ਥਰ-ਥਰਾਉਂਦੀ

ਰੁਣ-ਝੁਣ ਲਾਉਂਦੀ

ਆਤਮ-ਛੋਹ

ਚੁਪ-ਪ੍ਰੀਤ

ਵਾਲੀ 'ਸੰਤ ਮੰਡਲੀ' ਨੂੰ ਹੀ 'ਸਾਧ ਸੰਗਤ' ਮੰਨਿਆ ਗਿਆ ਹੈ।

ਐਸੀ 'ਸਾਧ ਸੰਗਤ' ਦੇ ਆਤਮ-ਪ੍ਰਭਾਵ ਵਿਚ, ਜਗਿਆਸੂਆਂ ਦੇ ਮਨਾਂ ਦੀਆਂ ਬਿਰਤੀਆਂ, ਦੁਨੀਆਂ ਵਲੋਂ ਮੁੜਦੀਆਂ ਹਨ, ਅਤੇ ਅਪਣੇ 'ਆਪੇ' ਵਿਚ ਜੁੜਦੀਆਂ ਹਨ।

'ਅਨਹਦ-ਸ਼ਬਦ' ਦੀ 'ਰੁਣ-ਝੁਣ' ਛਿੜਦੀ ਹੈ ਅਤੇ ਮਨ—

ਠੰਢਾ ਹੁੰਦਾ ਹੈ।

ਟੁੰਬਿਆ ਜਾਂਦਾ ਹੈ।

ਆਤਮ-ਛੋਹ ਦੀ 'ਕੰਬਣੀ' ਛਿੜਦੀ ਹੈ।

ਕੰਬਣੀ ਵਿਚ 'ਰੁਣ-ਝੁਣ' ਮਹਿਸੂਸ ਹੁੰਦੀ ਹੈ।

ਅੰਤਰ-ਆਤਮੇ ਵਲ ਖਿੱਚ ਪੈਣੀ ਹੈ।

ਪਿਆਰ ਦੀਆਂ ਤਰਬਾਂ ਟੁੰਬੀਆਂ ਜਾਂਦੀਆਂ ਹਨ।

ਪ੍ਰੇਮ-ਸਵੈਪਨਾ ਦੀ ਸੂਖਮ ਥਰ-ਥਰਾਹਟ ਹੁੰਦੀ ਹੈ।

ਆਤਮ-ਪਿਆਰ ਖਿੱਚ ਖਾਂਦਾ ਹੈ।

ਪ੍ਰੀਤ ਵਲਵਲਿਆਂ ਦੀਆਂ ਉਡਾਰੀਆਂ ਲਗਦੀਆਂ ਹਨ।

ਪ੍ਰੇਮ-ਪ੍ਰਕਾਸ਼ ਵਿਚ ਲੀਨ ਹੁੰਦਾ ਹੈ।

ਪ੍ਰੇਮ-ਰਸ ਦੇ 'ਸੂਖਮ ਤਰੰਗ' ਮਾਣਦਾ ਹੈ।

ਇਲਾਹੀ ਰਾਗ ਦੀ ਧੁਨੀ ਛਿੜਦੀ ਹੈ।

ਅਨਹਦ ਧੁਨੀ ਸੁਣਾਈ ਦਿੰਦੀ ਹੈ।

ਇਲਾਹੀ ਨਾਦ ਵਿਚ 'ਮਗਨਤਾ' ਆਉਂਦੀ ਹੈ।

ਮਗਨਤਾ ਵਿਚ 'ਬੇ-ਖੁਦੀ' ਹੁੰਦੀ ਹੈ।

ਬੇ-ਖ਼ੁਦੀ ਵਿਚ ਬਿਸੁਮਾਦ ਹੁੰਦਾ ਹੈ।
ਪ੍ਰੇਮ-ਪਿਆਲੇ ਦੀ ਖ਼ੁਮਾਰੀ ਚੜ੍ਹਦੀ ਹੈ।
ਖ਼ੁਮਾਰੀ ਵਿਚ ਅੱਖਾਂ ਨਸ਼ਈ ਹੋ ਜਾਂਦੀਆਂ ਹਨ।
ਨਸ਼ਈ ਅੱਖਾਂ ਵਿਚ 'ਆਤਮਿਕ ਚਮਕ' ਹੁੰਦੀ ਹੈ।
ਚਮਕਦੀਆਂ ਅੱਖਾਂ ਵਿਚ ਬਿਨੌਦੀ ਹੁੰਦੀ ਹੈ।
'ਬਿਨੋਦੀ' ਅੱਖਾਂ ਵਿਚ 'ਪਿਆਰ ਦੀ ਝਲਕ' ਹੁੰਦੀ ਹੈ।
ਪਿਆਰ ਦੀ ਝਲਕ ਵਿਚ 'ਖਿੱਚ' ਹੁੰਦੀ ਹੈ।
ਇਲਾਹੀ ਝਲਕ ਵਿਚ 'ਅਜਲਾਂ ਦੇ ਸੁਨੇਹੇ' ਹੁੰਦੇ ਹਨ।
ਇਲਾਹੀ ਸੁਨੇਹਿਆਂ ਵਿਚ 'ਸ਼ਬਦ' ਦਾ ਪ੍ਰਕਾਸ਼ ਹੁੰਦਾ ਹੈ।
ਸ਼ਬਦ ਦੇ ਪ੍ਰਕਾਸ਼ ਵਿਚ 'ਨਾਮ ਦਾ ਰਸ' ਹੁੰਦਾ ਹੈ।
'ਚੁਪ-ਪ੍ਰੀਤ' ਦੇ ਸੌਦੇ ਹੁੰਦੇ ਹਨ।
ਆਤਮ-ਰੰਗ ਦਾ 'ਵਪਾਰ' ਹੁੰਦਾ ਹੈ।
ਮਹਾਂ-ਰਸ ਦੀ 'ਲੇਵਾ-ਦੇਵੀ' ਹੁੰਦੀ ਹੈ।
'ਨਉ ਨਿਧ ਨਾਮ' ਦੀ 'ਸਾਂਝ' ਹੁੰਦੀ ਹੈ।
'ਅੰਮ੍ਰਿਤ ਨਾਮ ਭੋਜਨ' ਵਰਤਦਾ ਹੈ।
'ਖਾਵਹਿ ਵਰਚਹਿ ਰਲਿ ਮਿਲਿ ਭਾਈ' ਦਾ ਵਰਤਾਰਾ ਹੁੰਦਾ ਹੈ।
ਮਨ ਨੂੰ 'ਨਾਵੈ ਕਾ ਰੰਗ' ਚੜ੍ਹਦਾ ਹੈ।

ਸਾਧ ਸੰਗਤ ਦੇ ਦਾਮਨਿਕ ਅਥਵਾ ਆਤਮਿਕ ਅਸਰ ਨੂੰ ਇਉਂ ਸਪਸ਼ਟ ਕੀਤਾ ਜਾਂਦਾ ਹੈ—

'ਗੁਰਮੁਖ ਪਿਆਰਿਆਂ ਦਾ ਮੇਲ' ਹੀ ਖ਼ਿਆਲਾਂ ਦੇ ਵਟਾਂਦਰੇ ਜਾਂ 'ਪ੍ਰਚਾਰ' ਦਾ ਸੌਖਾ ਅਤੇ ਅਸਰਦਾਇਕ ਸਾਧਨ ਹੈ। ਇਕ ਦੂਜੇ ਦੇ ਮਨਾਂ ਉਤੇ ਖ਼ਿਆਲਾਂ ਦੇ ਪ੍ਰਭਾਵ ਪਾਉਣ ਲਈ ਇਕ ਪ;ਸੇ—ਖ਼ਿਆਲਾਂ ਦੀ ਦ੍ਰਿੜ੍ਹਤਾ ਅਤੇ ਸ਼ਰਧਾ ਭਾਵਨੀ ਦੀ ਤੀਬਰਤਾ, ਅਤੇ ਦੂਜੇ ਪਾਸੇ—ਗ੍ਰਹਿਣ ਕਰਨ ਦੀ ਸ਼ਕਤੀ ਲੋੜੀਂਦੀ ਹੈ।

ਦ੍ਰਿੜ੍ਹ ਵਿਸ਼ਵਾਸ ਅਤੇ ਡੂੰਘੀ ਸ਼ਰਧਾ ਭਾਵਨੀ ਵਾਲੇ ਮਨਾਂ ਦੇ ਪ੍ਰਭਾਵ ਨਾਲ ਸਧਾਰਨ ਮਨਾਂ ਉਤੇ ਸਹਿਜੇ ਹੀ ਅਸਰ ਪੈਂਦਾ ਹੈ।

ਕਿਸੇ ਸੰਗਤ ਦੇ ਇੱਕਠੇ ਵਿਚ ਜਿਥੇ ਜ਼ਬਾਨੀ ਦਿਮਾਗੀ ਪ੍ਰਚਾਰ ਦਾ ਅਸਰ ਥੋੜ੍ਹੇ ਚਿਰ ਲਈ ਓਪਰਾ ਜਿਹਾ ਹੁੰਦਾ ਹੈ, ਉੱਥੇ ਆਤਮਿਕ ਜੀਵਨ ਵਾਲੇ ਮਹਾਂਪੁਰਖਾਂ ਦੀ ਸੰਗਤ ਦੀ ਸੰਗਤ ਵਿਚ ਸ਼ਾਮਲ ਹੋਣ ਨਾਲ ਹੀ ਉਹਨਾਂ ਦੇ ਜੀਵਨ ਵਿਚੋਂ ਉਪਜਦੀਆਂ ਤੀਖਣ ਆਤਮਿਕ ਕਿਰਨਾਂ, ਜਗਿਆਸੂਆਂ ਦੀਆਂ ਰੂਹਾਂ ਨੂੰ ਟੁੰਬ ਕੇ, ਚੁਪ-ਚਪੀਤੇ ਹੀ, ਉਨ੍ਹਾਂ ਦਾ ਜੀਵਨ ਬਦਲ ਸਕਦੀਆਂ ਹਨ।

ਇਹੀ ਅਸੂਲ ਮਹਾਂ-ਪੁਰਖਾਂ ਦੀਆਂ ਲੇਖਣੀਆਂ ਤੇ ਭੀ ਘੱਟਦਾ ਹੈ, ਜੋ ਕਿ ਉਨ੍ਹਾਂ ਦੇ ਆਤਮਿਕ ਅਨੁਭਵੀ ਗਿਆਨ ਅਤੇ ਦ੍ਰਿੜ੍ਹ ਸ਼ਰਧਾ-ਭਾਵਨੀ ਤੋਂ ਉਪਜਦੀਆਂ ਹਨ। ਇਹ ਲੇਖਣੀਆਂ ਆਤਮਿਕ ਮੰਡਲ ਦੇ ਅਨੁਭਵੀ ਪ੍ਰਕਾਸ਼ ਦਾ ਪ੍ਰਗਟਾਵਾ ਹੁੰਦੀਆਂ ਹਨ, ਅਤੇ ਸਦਾ ਨਿਰੋਲ, ਨਿਰਮਲ ਸੱਜਰੀਆਂ, ਇਲਾਹੀ ਕਿਰਨਾਂ ਹੁੰਦੀਆਂ ਹਨ, ਜੋ ਹੋਰਨਾਂ ਰੂਹਾਂ ਨੂੰ 'ਟੁੰਬਣ' ਅਤੇ ਆਤਮਿਕ ਚਿਣਗ ਨਾਲ ਜਗਾਉਣ ਦੀ ਸ਼ਕਤੀ ਰਖਦੀਆਂ ਹਨ।

ਜੇਕਰ ਸ਼ਕਤੀਸ਼ਾਲੀ ਮਨ—ਸਧਾਰਨ ਮਨਾਂ ਦੇ ਦਿਮਾਗੀ ਵਲਵਲਿਆਂ ਦੀ 'ਸਤਹ' ਉਤੇ ਇਤਨਾ ਅਸਰ ਪਾ ਸਕਦਾ ਹੈ, ਤਾਂ ਬਖਸ਼ੇ ਹੋਏ ਆਤਮਿਕ ਜੀਵਨਵਾਲੇ ਮਹਾਂ ਪੁਰਖਾਂ ਦੀਆਂ ਇਲਾਹੀ ਕਿਰਨਾਂ ਜਗਿਆਸੂਆਂ ਦੀਆਂ ਰੂਹਾਂ ਨੂੰ—

'ਆਤਮ-ਛੋਹ' ਦੁਆਰਾ

ਚੁਪ-ਪ੍ਰੀਤ ਦੀ 'ਲਾਗ' ਦੁਆਰਾ

ਟੁੰਬ ਕੇ

ਜਗਾ ਕੇ

ਇਲਾਹੀ ਪ੍ਰਕਾਸ਼ ਮੰਡਲ ਵਿਚ ਪਹੁੰਚਾਉਣ ਦੀ 'ਸ਼ਕਤੀ' ਰਖਦੀਆਂ ਹਨ।

ਅਸਥੂਲ ਪੱਧਰ ਤੇ ਜੇਕਰ ਲੇਜਰ ਰੇਜ਼ (Laser rays) ਧਾਤ ਦੀਆਂ ਮੋਟੀਆਂ ਚਾਦਰਾਂ ਨੂੰ ਵਿੰਨਬ ਸਕਦੀਆਂ ਹਨ ਅਤੇ ਪਰਮਾਣੂ ਬੰਬ ਤੋਂ ਨਿਕਲੀਆਂ

ਹੋਈਆ ਰੇਡੀਓ-ਧਰਮੀ ਕਿਰਨਾਂ (Radio active rays) ਇਤਨੀ ਬਰਬਾਦੀ ਕਰ ਸਕਦੀਆਂ ਹਨ, ਤਾਂ ਬਖਸ਼ੇ ਹੋਏ ਮਹਾਂ ਪੁਰਖਾਂ ਅਥਵਾ ਸਤਸੰਗਤ ਵਿਚੋਂ ਨਿਕਦੀਆਂ ਤੀਖਣ ਆਤਮਿਕ ਕਿਰਨਾਂ ਭੀ, ਮਾਇਆ ਦੇ ਮੋਟੇ ਸਬਲ ਮਾਨਸਿਕ 'ਛੋੜ' ਅਥਵਾ ਭਰਮ ਦੇ ਕਾਲੇ-ਬੋਲ੍ਹੇ ਬੱਦਲ ਚੀਰ ਕੇ, ਜੀਵ ਦੀ ਆਤਮਾ ਨੂੰ 'ਛੋਹ' ਸਕਦੀਆਂ ਹਨ, ਅਤੇ ਆਤਮਿਕ ਪ੍ਰਕਾਸ਼-ਮਈ ਮੰਡਲ ਦਾ ਝਲਕਾਰਾ (Divine glimpses) ਦਿਖਾ ਸਕਦੀਆਂ ਹਨ।

ਇਸ ਤਰ੍ਹਾਂ ਆਤਮਿਕ ਜੀਵਨ ਤੋਂ ਉਪਜੀਆਂ ਕਿਰਨਾਂ, ਜਗਿਆਸੂ ਦੀ ਰੂਹ ਨੂੰ ਚੁੱਪ-ਚਪੀਤੇ ਹੀ ਬਦਲ ਦਿੰਦੀਆਂ ਹਨ ਅਤੇ ਉਨ੍ਹਾਂ ਦਾ ਆਤਮਿਕ ਮੰਡਲ ਵਿਚ, 'ਨਵਾਂ ਜਨਮ' ਹੁੰਦਾ ਹੈ। ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕਾਉਣਾ ਭੀ ਗੁਰਮਤਿ ਦੇ ਇਸੇ ਅਸੂਲ ਦੇ ਉਤੇ ਅਧਾਰਤ ਹੈ।

ਆਤਮਿਕ ਮੰਡਲ ਵਿਚ ਦਾਖਲ ਹੋਣ ਲਈ, ਇਹ ਉੱਚੀ-ਸੁੱਚੀ ਸੌਖੀ ਜੁਗਤ ਹੈ, ਪਰ ਇਸ ਦੀ ਕੀਮਤ—

'ਆਪੁ ਗਵਾਇ ਸੇਵਾ ਕਰੇ' ਹੈ।

ਇਹੋ ਜਿਹੇ ਉੱਚੇ-ਸੁੱਚੇ ਆਤਮਿਕ ਜੀਵਨ ਵਾਲੇ, ਬਖਸ਼ੇ ਹੋਏ ਮਹਾਂ ਪੁਰਖ ਵਿਰਲੇ ਹੀ ਹੁੰਦੇ ਹਨ ਅਤੇ ਉਨ੍ਹਾਂ ਦੀ ਪਹਿਚਾਨ ਤੇ 'ਮੇਲ' ਯਾ 'ਸੰਗਤ' ਭਾਗਾਂ ਵਾਲੀਆਂ ਰੂਹਾਂ ਨੂੰ ਹੀ ਪ੍ਰਾਪਤ ਹੁੰਦੀ ਹੈ। ਇਸ ਹਕੀਕਤ ਨੂੰ ਹੇਠ ਲਿਖੇ ਗੁਰਬਾਣੀ ਦੇ ਫੁਰਮਾਨ ਸੁਤੇ-ਸਿੱਧ ਹੀ ਸਪਸ਼ਟ ਕਰ ਦਿੰਦੇ ਹਨ—

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਦੀ ਸੋਈ ਜਾਗੀ ॥
(ਪੰਨਾ-204)

ਕਿਰਪਾ ਕਰੇ ਜਿਸੁ ਪਾਰਬ੍ਰਹਮ ਹੋਵੈ ਸਾਧੂ ਸੰਗੁ ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥
(ਪੰਨਾ-71)

ਹਉ ਵਾਰੀ ਜੀਉ ਵਾਰੀ ਕਲਿ ਮਹਿ ਨਾਮੁ ਸੁਣਾਵਣਿਆ ॥
ਸੰਤ ਪਿਆਰੇ ਸਚੈ ਧਾਰੇ ਵਡਭਾਗੀ ਦਰਸਨੁ ਪਾਵਣਿਆ ॥

(ਪੰਨਾ–130)

ਜੇ ਵਡ ਭਾਗ ਹੋਵਹਿ ਵਡ ਮੇਰੇ
ਜਨ ਮਿਲਦਿਆ ਢਿਲ ਨ ਲਾਈਐ ॥ (ਪੰਨਾ–881)

ਸਤਸੰਗਤਿ ਮਹਿ ਨਾਮੁ ਨਿਰਮੋਲਕੁ ਵਡੈ ਭਾਗਿ ਪਾਇਆ ਜਾਈ ॥
(ਪੰਨਾ–909)

(ਚਲਦਾ.......)

19